# ਵਿਦੇਸ਼ ਸਕੱਤਰ ਦਾ ਬੰਗਲਾਦੇਸ਼ ਨੂੰ ਅਧਿਕਾਰਤ ਦੌਰਾ (ਮਈ 08-09, 2024)

ਮਈ 09, 2024

ਵਿਦੇਸ਼ ਸਕੱਤਰ ਸ਼੍ਰੀ ਵਿਨੈ ਕਵਾਤਰਾ ਨੇ 08-09 ਮਈ, 2024 ਤੱਕ ਬੰਗਲਾਦੇਸ਼ ਦਾ ਅਧਿਕਾਰਤ ਦੌਰਾ ਕੀਤਾ। ਜਨਵਰੀ 2024 ਵਿੱਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਬੰਗਲਾਦੇਸ਼ ਦਾ ਇਹ ਪਹਿਲਾ ਅਧਿਕਾਰਤ ਦੌਰਾ ਸੀ।

2. ਇਸ ਦੌਰੇ ਦੇ ਦੌਰਾਨ ਵਿਦੇਸ਼ ਸਕੱਤਰ, ਪ੍ਰਧਾਨ ਮੰਤਰੀ ਮਹਾਮਹਿਮ ਸ਼ੇਖ ਹਸੀਨਾ ਅਤੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਹਸਨ ਮਹਿਮੂਦ ਨਾਲ ਮਿਲੇ। ਉਨ੍ਹਾਂ ਨੇ ਆਪਣੇ ਹਮਰੁਤਬਾ ਸ਼੍ਰੀ ਮਸੂਦ ਬਿਨ ਮੋਮਨ ਨਾਲ ਵੀ ਮੁਲਾਕਾਤ ਕੀਤੀ।

3. ਬੰਗਲਾਦੇਸ਼ ਦਾ ਦੌਰਾ ਭਾਰਤ ਦੀ 'ਗੁਆਂਢੀ ਪਹਿਲਾਂ' ਦੀ ਨੀਤੀ ਨੂੰ ਸਭ ਤੋਂ ਵੱਧ ਤਰਜੀਹ ਦੇਣ ਦੀ ਕੜੀ ਦਾ ਹਿੱਸਾ ਹੈ। ਇਸ ਦੌਰੇ ਦੇ ਦੌਰਾਨ ਵਿਦੇਸ਼ ਸਕੱਤਰ ਨੇ ਰਾਜਨੀਤਕ ਅਤੇ ਸੁਰੱਖਿਆ, ਜਲ, ਵਪਾਰ ਅਤੇ ਨਿਵੇਸ਼, ਬਿਜਲੀ ਅਤੇ ਊਰਜਾ, ਰੱਖਿਆ, ਸੰਚਾਰ ਅਤੇ ਉਪ-ਖੇਤਰੀ ਸਹਿਯੋਗ ਸਮੇਤ ਵਿਆਪਕ ਦੁਵੱਲੇ ਸਬੰਧਾਂ ਦੀ ਨਜ਼ਰਸਾਨੀ ਕੀਤੀ।

4. ਬੰਗਲਾਦੇਸ਼ ਭਾਰਤ ਦਾ ਪ੍ਰਮੁੱਖ ਵਿਕਾਸ ਹਿੱਸੇਦਾਰ ਅਤੇ ਇਸ ਖੇਤਰ ਵਿੱਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਵਿਦੇਸ਼ ਸਕੱਤਰ ਦੇ ਇਸ ਦੌਰੇ ਤੋਂ ਦੁਵੱਲੇ ਸਬੰਧਾਂ ਨੂੰ ਹੋਰ ਜ਼ਿਆਦਾ ਮਜ਼ਬੂਤੀ ਮਿਲਣ ਅਤੇ ਵਿਭਿੰਨ ਖੇਤਰਾਂ ਵਿੱਚ ਸਹਿਯੋਗ ਨੂੰ ਗਤੀ ਹਾਸਲ ਹੋਣ ਦੀ ਉਮੀਦ ਹੈ।

**ਨਵੀਂ ਦਿੱਲੀ**

**ਮਈ 09, 2024**